بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 15.06.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਕੁਰਆਨ ਮਜੀਦ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਦੀਆਂ ਦੁਆਵਾਂ ਦਾ ਵਰਨਣ ਅਤੇ ਜਮਾਤ ਦੇ ਲੋਕਾਂ ਨੂੰ ਇਹਨਾਂ ਦੁਆਵਾਂ ਦੇ ਕਰਨ ਦਾ ਨਿਰਦੇਸ਼

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 15 ਜੂਨ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਜੁਮਏ ਦੀ ਮਹਤੱਾ ਦਾ ਵਰਨਣ ਕਰਦਿਆਂ ਹੋਇਆਂ ਇਕ ਮੌਕੇ ਫ਼ਰਮਾਇਆ ਕਿ ਇਸ ਵਿੱਚ ਇਕ ਅਜਿਹੀ ਘੜੀ ਆਉਂਦੀ ਹੈ ਜੱਦ ਮੁਸਲਮਾਨ ਨੂੰ ਅਜਿਹਾ ਸਮਾਂ ਮਿਲੇ ਅਤੇ ਉਹ ਖੜਾ ਨਮਾਜ਼ ਪੜ੍ਹ ਰਿਹਾ ਹੋਵੇ ਤਾਂ ਜੋ ਦੁਆ ਮੰਗੇ ਕੁਬੂਲ ਕੀਤੀ ਜਾਂਦੀ ਹੈ ਜਾਂ ਜੋ ਭਲਾਈ ਤੇ ਖ਼ੈਰ ਮੰਗਦਾ ਹੈ ਰੱਬ ਉਸ ਨੂੰ ਪ੍ਰਦਾਨ ਕਰਦਾ ਹੈ । ਇਸ ਦੀ ਵਿਆਖਿਆਂ ਵਿੱਚ ਕੁਝ ਲੋਕ ਇਹ ਵੀ ਕਹਿੰਦੇ ਹਨ ਕਿ ਜੁਮਏ ਦਾ ਖ਼ੁਤਬਾ ਵੀ ਨਮਾਜ਼ ਦਾ ਹਿਸੱਾ ਹੈ ਇਸ ਲਈ ਇਹ ਵੀ ਇਸ ਸਮੇਂ ਵਿੱਚ ਸ਼ਾਮਲ ਹੈ ਜਿਸ ਵਿੱਚ ਉਹ ਘੜੀ ਆਉਂਦੀ ਹੈ । ਤਾਂ ਬਹਿਰਹਾਲ ਜੁਮਏ ਦੇ ਦਿਨ ਦੀ ਇਕ ਵਿਸ਼ੇਸ਼ ਮਹਤੱਾ ਹੈ ਅਤੇ ਸਿਵਾਏ ਕਿਸੇ ਵਿਸ਼ੇਸ਼ ਮਜਬੂਰੀ ਦੇ ਹਰ ਬਾਲਗ਼ ਪੁਰੁਸ਼ ਨੂੰ, ਸੂਝਵਾਨ ਨੂੰ ਇਹ ਪੜ੍ਹਨਾ ਜ਼ਰੂਰੀ ਮਿੱਥਿਆ ਗਿਆ ਹੈ । ਨਮਾਜ਼ ਵਿੱਚ ਹਰ ਕੋਈ ਆਪਣੀ ਆਪਣੀ ਸੋਚ ਤੇ ਲੋੜ ਅਨੁਸਾਰ ਦੁਆ ਕਰਦਾ ਹੈ ਅਤੇ ਕੁਝ ਅਜਿਹੇ ਵੀ ਹਨ ਜੋ ਨਮਾਜ਼ ਪੜ੍ਹ ਲੈਂਦੇ ਹਨ ਅਤੇ ਵਿਸ਼ੇਸ਼ ਦੁਆ ਦਾ ਉਤਸਾਹ ਉਹਨਾਂ ਵਿੱਚ ਪੈਦਾ ਹਨੀਂ ਹੁੰਦਾ । ਬਸ, ਨਮਾਜ਼ ਪੜ੍ਹ ਲਈ, ਸ਼ਬਦਾਂ ਦਾ ਉਚਾਰਣ ਕਰ ਲਿਆ ਨਮਾਜ਼ ਅਤੇ ਦੁਆ ਦੀ ਮਹਤੱਾ ਦਾ ਉਹਨਾਂ ਨੂੰ ਪਤਾ ਨਹੀਂ ਲਗੱਦਾ । ਇਸ ਲਈ ਅੱਜ ਇਸ ਰਮਜ਼ਾਨ ਦੇ ਅਖੀਰਲੇ ਜੁਮਏ ਵਿੱਚ ਮੈਂ ਵਿਚਾਰਿਆ ਕਿ ਕੁਝ ਦੁਆਵਾਂ ਪੜ੍ਹਾਂ ਤਾਂ ਜੋ ਜਿੰਨ੍ਹਾ ਨੂੰ ਬਹੁਤਾ ਅਨੁਭਵ ਨਹੀਂ, ਉਹਨਾਂ ਨੂੰ ਵੀ ਪਤਾ ਲੱਗ ਜਾਏ, ਦੁਆਵਾਂ ਕੀ ਹਨ ਅਤੇ ਜਮਾਤੀ ਰੂਪ ਵਿੱਚ ਅਸੀਂ ਆਪਣੀਆਂ ਦੁਆਵਾਂ ਅਤੇ ਮਨ ਦੀਆਂ ਮੰਗਾ ਪੇਸ਼ ਕਰੀਏ ਅਤੇ ਨਮਾਜ਼ ਵਿੱਚ ਸਾਮੂਹਿਕ ਰੂਪ ਵਿੱਚ ਉਹਨਾਂ ਦੁਅਵਾਂ ਦੀ ਪਰਵਾਨਗੀ ਲਈ ਵੀ ਦੁਆ ਮੰਗੀਏ । ਇਹਨਾ ਦੁਆਵਾਂ ਵਿੱਚ ਕੁਰਆਨ ਕਰੀਮ ਦੀਆਂ ਕੁਝ ਦੁਆਵਾਂ ਮੈਂ ਲਈਆਂ ਹਨ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀਆਂ ਕੁਝ ਦੁਆਵਾਂ ਹਨ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕੁਝ ਦੁਆਵਾਂ ਸ਼ਾਮਲ ਹਨ ਅਤੇ ਕੁਝ ਸਾਧਾਰਣ ਦੁਆਵਾਂ ਵੀ ਹਨ । ਕੁਝ ਕੁਰਆਨੀ ਤੇ ਕੁਝ ਮਸਨੂਨ (ਉਹ ਕੰਮ ਜੋ ਹਜ਼ਰਤ ਮੁਹਮੱਦ ਸਲਲੱਾਹੁ

ਅਲੈਹਿ ਵਸਲਮ ਨੇ ਆਪ ਕੀਤਾ ਹੋਵੇ) ਦੁਆਵਾਂ ਹਨ ਜੋ ਮੈਂ ਪੜ੍ਹਾਂਗਾ ਜਿੰਨ੍ਹਾ ਨੂੰ ਯਾਦ ਹਨ ਉਹ ਮਨ ਵਿੱਚ ਦਹੁਰਾਉਦੇ ਜਾਣ ਜਾਂ ਮੇਰੇ ਨਾਲ ਨਾਲ ਮਨ ਵਿੱਚ ਦਹੁਰਾ ਸਕਦੇ ਹਨ । ਬੇਸ਼ਕ ਦਹੁਰਾਉਣ ਅਤੇ ਮਨ ਵਿੱਚ ਆਮੀਨ (ਪਰਵਾਨ ਕਰ) ਵੀ ਕਹਿੰਦੇ ਰਹਿਣ ਹਰ ਦੁਆ ਦੇ ਬਾਦ । ਅਲੱਾਹ ਤਆਲਾ ਸਾਡੀਆਂ ਦੁਆਵਾਂ ਕੁਬੂਲ ਫ਼ਰਮਾਏ :

سبحان الله وبحمده سبحان الله العظيم اللهم صل على محمد وآل محمد

ਕੁਰਆਨੀ ਦੁਆਵਾਂ ਇਹ ਹਨ

رَبَّنَآ اٰتِنَا فِي الدُّنْيَا حَسَنَةً وَّفِي الْاٰخِرَةِ حَسَنَةً وَّقِنَا عَذَابَ النَّارِ

ਹੇ, ਸਾਡੇ ਰੱਬ ਸਾਨੂੰ ਦੁਨੀਆ ਵਿੱਚ ਵੀ ਨੇਕੀਆਂ ਪ੍ਰਦਾਨ ਅਕੇ ਆਖ਼ਰਤ ਵਿੱਚ ਵੀ ਨੇਕੀਆਂ ਪ੍ਰਦਾਨ ਕਰ ਅਤੇ ਸਾਨੂੰ ਅੱਗ ਦੇ ਅਜ਼ਾਬ ਤੋਂ ਬਚਾ ।

رَبَّنَآ اَفْرِغْ عَلَيْنَا صَبْرًا وَّتَوَفَّنَا مُسْلِمِيْنَ۔

ਹੇ, ਸਾਡੇ ਰੱਬ ਸਾਡੇ ਉਪੱਰ ਸਬਰ (ਸ਼ਾਂਤੀ) ਪਾ ਦੇ ਅਤੇ ਸਾਨੂੰ ਮੁਸਲਮਾਨ ਹੋਣ ਦੀ ਅਵਸਥਾ ਵਿੱਚ ਮੋਤ ਦੇ ।

رَبَّنَآ اَنْزِلْ عَلَيْنَا مَآىِٕدَةً مِّنَ السَّمَآءِ تَكُوْنُ لَنَا عِيْدًا لِّاَوَّلِنَا وَاٰخِرِنَا وَاٰيَةً مِّنْكَ ۚ وَارْزُقْنَا وَاَنْتَ خَيْرُ الرّٰزِقِيْنَ

ਹੇ, ਸਾਡੇ ਰੱਬ ਸਾਡੇ ਉਪੱਰ ਆਕਾਸ਼ ਤੋਂ ਨੇਮਤਾਂ ਦਾ ਦਸਤਰਖ਼੍ਵਾਨ ਉਤਾਰ ਜੋ ਸਾਡੇ ਲਈ ਅਤੇ ਸਾਡੇ ਤੋਂ ਪਹਿਲਾਂ ਤੇ ਸਾਡੇ ਤੋਂ ਬਾਦ ਆਉਣ ਵਾਲਿਆਂ ਲਈ ਈਦ ਬਣ ਜਾਏ ਅਤੇ ਤੇਰੇ ਵੱਲੋਂ ਇਕ ਮਹਾਨ ਚਮਤਕਾਰ ਦੇ ਰੂਪ ਵਿੱਚ ਹੋਵੇ ਅਤੇ ਸਾਨੂੰ ਰਿਜ਼ਕ ਪ੍ਰਦਾਨ ਕਰ ਅਤੇ ਤੂੰ ਰਿਜ਼ਕ ਦੇਣ ਵਾਲਿਆਂ ਵਿੱਚੋਂ ਸਭ ਤੋਂ ਉਤੱਮ ਹੈਂ ।

رَبَّنَآ اِنَّنَا سَمِعْنَا مُنَادِيًا يُّنَادِيْ لِلْاِيْمَانِ اَنْ اٰمِنُوْا بِرَبِّكُمْ فَاٰمَنَّا ۖ رَبَّنَا فَاغْفِرْ لَنَا ذُنُوْبَنَا وَكَفِّرْ عَنَّا سَيِّاٰتِنَا وَتَوَفَّنَا مَعَ الْاَبْرَارِ

ਹੇ, ਸਾਡੇ ਰੱਬ, ਨਿਸ਼ਚੇ ਹੀ ਅਸੀਂ ਮੁਨਾਦੀ (ਢੰਡੋਰਾ ਦੇਣ ਵਾਲੇ) ਕਰਨ ਵਾਲੇ ਨੂੰ ਸੁਣਿਆਂ ਜੋ ਇਮਾਨ ਦੀ ਮੁਨਾਦੀ ਕਰ ਰਿਹਾ ਸੀ ਕਿ ਆਪਣੇ ਰੱਬ ਉਪੱਰ ਇਮਾਨ ਲਿਆਓ, ਸੋ ਅਸੀਂ ਇਮਾਨ ਲੈ ਆਏ । ਹੇ, ਸਾਡੇ ਰੱਬ, ਸੋ ਸਾਡੇ ਗੁਨਾਹ (ਪਾਪ) ਬਖ਼ਸ਼ ਦੇ ਅਤੇ ਸਾਡੀਆਂ ਬੁਰਾਈਆਂ ਦੂਰ ਕਰ ਦੇ ਅਤੇ ਸਾਨੂੰ ਨੇਕੀਆਂ ਦੇ ਨਾਲ ਮੋਤ ਦੇ ।

رَبَّنَآ اٰمَنَّا بِمَآ اَنْزَلْتَ وَاتَّبَعْنَا الرَّسُوْلَ فَاكْتُبْنَا مَعَ الشّٰهِدِيْنَ۔

ਹੇ, ਸਾਡੇ ਰੱਬ ! ਅਸੀਂ ਉਸ'ਤੇ ਇਮਾਨ ਲੈ ਆਏ ਜੋ ਤੂੰ ਉਤਾਰਿਆ ਅਤੇ ਅਸੀਂ ਰਸੂਲ ਦੀ ਪੈਰ੍ਹਵੀ ਕੀਤੀ, ਸੋ, ਤੂੰ ਸਾਨੂੰ ਸਚੱਾਈ ਦੀ ਗਵਾਹੀ ਦੇਣ ਵਾਲਿਆਂ ਵਿੱਚ ਲਿੱਖ ਦੇ ।

رَبَّنَا لَا تُزِغْ قُلُوْبَنَا بَعْدَ اِذْ هَدَيْتَنَا وَهَبْ لَنَا مِنْ لَّدُنْكَ رَحْمَةً ۚ اِنَّكَ اَنْتَ الْوَهَّابُ۔

ਹੇ, ਸਾਡੇ ਰੱਬ ! ਸਾਡੇ ਦਿਲਾਂ ਨੂੰ ਟੇਢਾ ਨ ਹੋਣ ਦੇ, ਇਸ ਦੇ ਬਾਦ ਕਿ ਤੂੰ ਸਾਨੂੰ ਹਿਦਾਇਤ ਦੇ ਚੁਕਿਆ ਹੋਵੇ ਅਤੇ ਸਾਨੂੰ ਆਪਣੀ ਵੱਲੋਂ ਰਹਮਤ ਪ੍ਰਦਾਨ ਕਰ ਕਿਉਂਕਿ ਤੂੰ ਹੀ ਹੈਂ ਜੋ ਬਹੁਤ ਪ੍ਰਦਾਨ ਕਰਨ ਵਾਲਾ ਹੈ ।

رَبِّ هَبْ لِيْ مِنْ لَّدُنْكَ ذُرِّيَّةً طَيِّبَةً ۚ اِنَّكَ سَمِيْعُ الدُّعَآءِ۔

ਹੇ, ਮੇਰੇ ਰੱਬ ਮੈਂਨੂੰ ਆਪਣੇ ਵੱਲੋਂ ਪਵਿਤੱਰ ਸੰਤਾਨ ਪ੍ਰਦਾਨ ਕਰ ਨਿਸ਼ਚੇ ਹੀ ਤੂੰ ਬਹੁਤ ਦੁਆਵਾਂ ਸੁਣਨ ਵਾਲਾ ਹੈ ।

رَبَّنَا هَبْ لَنَا مِنْ اَزْوَاجِنَا وَذُرِّيّٰتِنَا قُرَّةَ اَعْيُنٍ وَّاجْعَلْنَا لِلْمُتَّقِيْنَ اِمَامًا۔

ਹੇ, ਮੇਰੇ ਰੱਬ, ਸਾਨੂੰ ਆਪਣੇ ਜੀਵਨ ਸਾਥੀਆਂ ਅਤੇ ਆਪਣੀ ਸੰਤਾਨ ਰਾਹੀਂ ਅਖੱਾਂ ਦੀ ਠੰਡਕ ਪ੍ਰਦਾਨ ਕਰ ਅਤੇ ਸਾਨੂੰ ਮੁਤੱਕੀਆਂ (ਸੰਜਮੀਆਂ) ਦਾ ਇਮਾਮ (ਆਗੂ) ਬਣਾ ਦੇ ।

رَبِّ اَوْزِعْنِيْٓ اَنْ اَشْكُرَ نِعْمَتَكَ الَّتِيْٓ اَنْعَمْتَ عَلَيَّ وَعَلٰى وَالِدَيَّ وَاَنْ اَعْمَلَ صَالِحًا تَرْضٰىهُ وَاَصْلِحْ لِيْ فِيْ ذُرِّيَّتِيْ ۚ اِنِّيْ تُبْتُ اِلَيْكَ وَاِنِّيْ
مِنَ الْمُسْلِمِيْنَ۔

ਹੇ, ਮੇਰੇ ਰੱਬ, ਮੈਂਨੂੰ ਸੰਜੋਗ ਪ੍ਰਦਾਨ ਕਰ ਕਿ ਮੈਂ ਤੇਰੀ ਇਸ ਨੇਮਤ ਦਾ ਸ਼ੁਕਰਾਨਾ ਕਰ ਸਕਾਂ ਜੋ ਤੂੰ ਮੇਰੇ ਉਪੱਰ ਅਤੇ ਮੇਰੇ ਮਾਪਿਆਂ ਉਪੱਰ ਕੀਤੇ ਅਤੇ ਅਜਿਹੇ ਨੇਕ ਕਰਮ ਬਜਾ ਲਿਆਵਾਂ ਜਿੰਨ੍ਹਾ ਤੋਂ ਤੂੰ ਰਾਜ਼ੀ ਹੋਵੇਂ ਅਤੇ ਮੇਰੇ ਲਈ, ਮੇਰੀ ਸੰਤਾਨ ਲਈ ਵੀ ਸੁਧਾਰ ਕਰ ਦੇਵੇ, ਨਿਸ਼ਚੇ ਹੀ ਮੈਂ ਤੇਰੇ ਵੱਲ ਪਰਤਦਾ ਹਾਂ ਅਤੇ ਬੇਸ਼ਕ ਮੈਂ ਆਗਿਆਕਾਰਾਂ ਵਿੱਚੋਂ ਹਾਂ ।

رَبِّ هَبْ لِي مِنَ الصَّالِحِيْنَ ۔

ਹੇ ਮੇਰੇ ਰੱਬ, ਮੈਂਨੂੰ ਸਾਲਿਹੀਨ (ਨੇਕ ਤੇ ਆਗਿਆਕਾਰਾਂ) ਵਿੱਚੋਂ ਵਾਰਸ ਪ੍ਰਦਾਨ ਕਰ ।

رَبِّ اِنِّيْ لِمَآ اَنْزَلْتَ اِلَيَّ مِنْ خَيْرٍ فَقِيْرٌ ۔

ਹੇ ਮੇਰੇ ਰੱਬ, ਨਿਸ਼ਚੇ ਹੀ ਮੈਂ ਹਰ ਇਕ ਚੰਗੀ ਚੀਜ਼ ਲਈ ਜੋ ਤੂੰ ਮੇਰੇ ਵੱਲ ਭੇਜੇਂ ਇਕ ਮੰਗਤੇ ਵਾਂਗ ਹਾਂ, ਇਸ ਦੀ ਇਛੱਾ ਰਖੱਦਾ ਹਾਂ ।

رَبِّ اَوْزِعْنِيْٓ اَنْ اَشْكُرَ نِعْمَتَكَ الَّتِيْٓ اَنْعَمْتَ عَلَيَّ وَعَلٰى وَالِدَيَّ وَاَنْ اَعْمَلَ صَالِحًا تَرْضٰىهُ وَاَدْخِلْنِيْ بِرَحْمَتِكَ فِيْ عِبَادِكَ الصّٰلِحِيْنَ

ਹੇ ਮੇਰੇ ਰੱਬ, ਮੈਂਨੂੰ ਤੌਫ਼ੀਕ ਪ੍ਰਦਾਨ ਕਰ ਕਿ ਮੇਰੇ ਤੇਰੀਆਂ ਨੇਮਤਾਂ ਦਾ ਸ਼ੁਕਰਾਨਾ ਕਰ ਸਕਾਂ ਜੋ ਤੂੰ ਮੈਂਨੂੰ ਦਿੱਤੀਆਂ ਹਨ ਅਤੇ ਮੇਰੇ ਮਾਂ ਬਾਪ ਉਪੱਰ ਕੀਤੀਆਂ ਹਨ ਅਤੇ ਅਜਿਹਾ ਹੀ ਨੇਕ ਕਰਮ ਬਜਾ ਲਿਆਵਾਂ ਜੋ ਤੈਨੂੰ ਪਸੰਦ ਹੋਣ ਅਤੇ ਤੂੰ ਮੈਂ ਆਪਣੀ ਰਹਮਤ ਰਾਹੀਂ ਆਪਣੇ ਨੇਕ ਬੰਦਿਆਂ ਵਿੱਚ ਦਾਖ਼ਲ ਕਰ ।

رَبِّ زِدْنِيْ عِلْمًا ۔

ਹੇ ਮੇਰੇ ਰੱਬ, ਮੈਂਨੂੰ ਗਿਆਨ ਵਿੱਚ ਵਧਾ ਦੇ ।

رَبِّ اشْرَحْ لِيْ صَدْرِيْ ۔ وَيَسِّرْ لِيْٓ اَمْرِيْ ۔ وَاحْلُلْ عُقْدَةً مِّنْ لِّسَانِيْ ۔ يَفْقَهُوْا قَوْلِيْ ۔

ਹੇ ਮੇਰੇ ਰੱਬ, ਮੇਰਾ ਸੀਨਾ (ਹਿੱਕ) ਮੇਰੇ ਲਈ ਚੌੜਾ ਕਰ ਦੇ ਅਤੇ ਮੇਰਾ ਮਾਮਲਾ ਮੇਰੇ ਉਪੱਰ ਸੌਖਾ ਕਰ ਦੇ ਅਤੇ ਮੇਰੇ ਬੋਲਾਂ ਦੀ ਗੰਢ ਖੋਲ ਦੇ ।

رَبَّنَآ اٰتِنَا مِنْ لَّدُنْكَ رَحْمَةً وَّهَيِّئْ لَنَا مِنْ اَمْرِنَا رَشَدًا ۔

ਹੇ ਮੇਰੇ ਰੱਬ, ਸਾਨੂੰ ਆਪਣੀ ਜਨਾਬ ਤੋਂ ਰਹਮਤ ਪ੍ਰਦਾਨ ਕਰ ਅਤੇ ਸਾਡੇ ਮਾਮਲੇ ਵਿੱਚ ਸਾਨੂੰ ਸੁਮਾਰਗ ਪ੍ਰਦਾਨ ਕਰ ।

رَبِّ ارْحَمْهُمَا كَمَا رَبَّيٰنِيْ صَغِيْرًا

ਹੇ ਮੇਰੇ ਰੱਬ, ਇਹਨਾਂ ਦੋਹਾਂ ਉਪੱਰ ਅਰਥਾਤ ਮੇਰੇ ਮਾਂ ਬਾਪ ਉਪੱਰ ਰਹਿਮ ਕਰ, ਜਿਵੇਂ ਇਹਨਾਂ ਦੋਹਾਂ ਨੇ ਮੇਰੇ ਬਚਪਨੇ ਵਿੱਚ ਮੇਰੀ ਸੀਖ ਸਿੱਖਿਆ ਕੀਤੀ ।

رَبِّ اِنِّيْ ظَلَمْتُ نَفْسِيْ فَاغْفِرْ لِيْ ۔

ਹੇ ਮੇਰੇ ਰੱਬ, ਨਿਸ਼ਚੇ ਹੀ ਮੈਂ ਆਪਣੇ ਉਪੱਰ ਜ਼ੁਲਮ ਕੀਤਾ, ਸੋ ਤੂੰ ਮੈਂਨੂੰ ਬਖ਼ਸ਼ ਦੇ ।

رَبَّنَآ اَتْمِمْ لَنَا نُوْرَنَا وَاغْفِرْ لَنَا ۚ اِنَّكَ عَلٰى كُلِّ شَيْءٍ قَدِيْرٌ ۔

ਹੇ ਸਾਡੇ ਰੱਬ, ਸਾਡੇ ਲਈ ਸਾਡੇ ਨੂਰ ਨੂੰ ਪੂਰਨ ਕਰ ਦੇ ਅਤੇ ਸਾਨੂੰ ਬਖ਼ਸ਼ ਦੇ ਕਿਉਂਕਿ ਤੂੰ ਹਰ ਚੀਜ਼ ਉਪੱਰ ਸਦੈਵੀ ਪਕੜ ਰਖੱਦਾ ਹੈਂ ।

رَبِّ اجْعَلْنِيْ مُقِيْمَ الصَّلٰوةِ وَمِنْ ذُرِّيَّتِيْ ۖ رَبَّنَا وَتَقَبَّلْ دُعَآءِ ۔ رَبَّنَا اغْفِرْ لِيْ وَلِوَالِدَيَّ وَلِلْمُؤْمِنِيْنَ يَوْمَ يَقُوْمُ الْحِسَابُ ۔

ਹੇ ਮੇਰੇ ਰੱਬ, ਮੈਂਨੂੰ ਨਮਾਜ਼ ਕਾਇਮ ਕਰਨ ਵਾਲਾ ਬਣਾ ਦੇ ਅਤੇ ਮੇਰੀ ਨਸਲਾਂ ਨੂੰ ਵੀ, ਹੇ ਸਾਡੇ ਰੱਬ, ਅਤੇ ਮੇਰੀ ਦੁਆ ਕੁਬੂਲ ਕਰ, ਹੇ ਸਾਡੇ ਰੱਬ, ਮੈਂਨੂੰ ਬਖ਼ਸ਼ ਦੇ ਅਤੇ ਮੇਰੇ ਮਾਂ ਬਾਪ ਨੂੰ ਵੀ ਅਤੇ ਮੋਮਿਨਾਂ ਨੂੰ ਵੀ, ਜਿਸ ਦਿਨ ਹਿਸਾਬ ਹੋਵੇਗਾ ।

رَبَّنَآ اَفْرِغْ عَلَيْنَا صَبْرًا وَّثَبِّتْ اَقْدَامَنَا وَانْصُرْنَا عَلَى الْقَوْمِ الْكٰفِرِيْنَ۔

ਹੇ ਸਾਡੇ ਰੱਬ ਸਾਡੇ ਉਪੱਰ ਸਬਰ ਨਾਜ਼ਲ ਕਰ ਅਤੇ ਸਾਡੇ ਕਦਮਾਂ ਨੂੰ ਪੱਕਿਆਈ ਪ੍ਰਦਾਨ ਕਰ ਅਤੇ ਕਾਫ਼ਰ ਕੌਮ ਦੇ ਵਿਰੁਧ ਸਾਡੀ ਮਦਦ ਕਰ ।

رَبَّنَا اغْفِرْ لَنَا ذُنُوْبَنَا وَاِسْرَافَنَا فِيْٓ اَمْرِنَا وَثَبِّتْ اَقْدَامَنَا وَانْصُرْنَا عَلَى الْقَوْمِ الْكٰفِرِيْنَ۔

ਹੇ ਸਾਡੇ ਰੱਬ, ਸਾਡੇ ਗੁਨਾਹ (ਪਾਪ) ਬਖ਼ਸ਼ ਦੇ ਅਤੇ ਆਪਣੇ ਮਾਮਲੇ ਵਿੱਚ ਸਾਡੀ ਵਧੀਕੀ ਵੀ ਅਤੇ ਸਾਡੇ ਕਦਮਾਂ ਨੂੰ ਪੱਕਿਆਈ ਬਖ਼ਸ਼ ਅਤੇ ਸਾਨੂੰ ਕਾਫ਼ਰ ਕੌਮਾਂ ਦੇ ਪ੍ਰਤੀ ਸਹਾਇਤਾ ਪ੍ਰਦਾਨ ਕਰ ।

رَبَّنَا لَا تَجْعَلْنَا فِتْنَةً لِّلْقَوْمِ الظّٰلِمِيْنَ۔ وَنَجِّنَا بِرَحْمَتِكَ مِنَ الْقَوْمِ الْكٰفِرِيْنَ۔

ਹੇ ਸਾਡੇ ਰੱਬ, ਸਾਨੂੰ ਜ਼ਾਲਮ ਲੋਕਾਂ ਲਈ ਮੁਸੀਬਤ ਨ ਬਣਾ ਅਤੇ ਸਾਨੂੰ ਆਪਣੀ ਰਹਮਤ ਨਾਲ ਕਾਫ਼ਰ ਲੋਕਾਂ ਤੋਂ ਮੁਕਤੀ ਪ੍ਰਦਾਨ ਕਰ ।

رَبِّ انْصُرْنِيْ بِمَا كَذَّبُوْنِ۔

ਹੇ ਮੇਰੇ ਰੱਬ, ਮੇਰੀ ਮਦਦ ਕਰ ਕਿਉਂਕਿ ਉਹਨਾਂ ਨੇ ਮੈਂਨੂੰ ਝੁਠਲਾ ਦਿਤੱਾ ਹੈ ।

ਹੁਣ ਕੁਝ ਹਦੀਸਾਂ ਦੀਆਂ ਦੁਆਵਾਂ ਹਨ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਹ ਦੁਆ ਸਿਖਾਈ :

ਹੇ ਅਲੱਾਹ, ਮੈਂਨੂੰ ਮੇਰੀਆਂ ਖ਼ਤਾਵਾਂ ਮੁਆਫ਼ ਕਰ ਦੇ ਅਤੇ ਮੇਰੇ ਸਾਰੇ ਮਾਮਲਿਆਂ ਵਿੱਚ ਮੇਰੀ ਅਗਿਆਨਤਾ, ਮੂਰਖਤਾ ਅਤੇ ਮੇਰੀ ਵਧੀਕੀਆਂ ਦੀ ਬਦੀਆਂ ਤੋਂ ਮੈਂਨੂੰ ਬਚਾ ਲੈ ਅਤੇ ਹਰ ਉਸ ਨੁਕਸਾਨ ਤੇ ਬਦੀ ਤੋਂ ਬਚਾ ਲੈ ਜਿਸ ਨੂੰ ਤੂੰ ਮੈਂਥੋਂ ਵੀ ਵੱਧ ਜਾਣਦਾ ਹੈ । ਹੇ ਮੇਰੇ ਰੱਬ, ਮੇਰੀਆਂ ਖ਼ਤਾਵਾਂ ਬਖ਼ਸ਼ ਦੇ, ਮੇਰੀਆਂ ਜਾਣਬੁਝਕੇ ਜਾਂ ਅਣਜਾਣੇ ਵਿੱਚ ਅਤੇ ਹਾਸੇ ਮਖ਼ੌਲ ਵਿੱਚ ਹੋਈਆਂ ਸਾਰੀਆਂ ਖ਼ਤਾਵਾਂ ਬਖ਼ਸ਼ ਦੇ, ਕਿ ਇਹ ਸਾਰੀਆਂ ਮੇਰੇ ਅੰਦਰ ਮੌਜੂਦ ਹਨ, ਜੋ ਖ਼ਤਾਵਾਂ ਮੈਂਥੋਂ ਵਾਪਰ ਚੁੱਕੀਆਂ ਹਨ ਅਤੇ ਜੋ ਅਜੇ ਵਾਪਰੀਆਂ ਨਹੀਂ ਅਤੇ ਜੋ ਗੁਪਤ ਰੂਪ ਵਿੱਚ ਮੈਂਥੋਂ ਵਾਪਾਰੀਆਂ ਹਨ ਅਤੇ ਜੋ ਖੁਲੱਮ ਖੁਲੱਾ ਮੈਂ ਕੀਤੀਆਂ ਹਨ ਉਹ ਸਾਰੀਆਂ ਮੈਂਨੂੰ ਬਖ਼ਸ਼ ਦੇ, ਤੂੰ ਅੱਗੇ ਵਧਾਉਣ ਵਾਲਾ ਅਤੇ ਪਿੱਛੇ ਹਟਾਉਣ ਵਾਲਾ ਹੈਂ ਅਤੇ ਤੂੰ ਹੀ ਹਰ ਚੀਜ਼ ਉਪੱਰ ਕਾਦਰ ਹੈ । ਫਿਰ ਆਪ ਦੀ ਦੁਆ ਹੈ :

ਹੇ ਅਲੱਾਹ, ਮੈਂ ਆਪਣਾ ਤੇਰੇ ਸੁਪੁਰਦ ਕਰਦਾ ਹਾਂ, ਤੇਰੇ ਉਪੱਰ ਭਰੋਸਾ ਕਰਦਾ ਹਾਂ ਅਤੇ ਤੇਰੇ ਉਪੱਰ ਇਮਾਨ ਲਿਆਉਂਦਾ ਹਾਂ, ਤੇਰ ਵੱਲ ਝੁਕੱਦਾ ਹਾਂ ਅਤੇ ਤੇਰੀ ਮਦਦ ਨਾਲ ਸਾਹਮਣੇ ਵਾਲੇ ਨਾਲ ਚਰਚਾ ਕਰਦਾ ਹਾਂ ਅਤੇ ਤੇਰੀ ਹੀ ਹਜ਼ੂਰੀ ਵਿੱਚ ਆਪਣਾ ਮੁਕਦੱਮਾ ਪੇਸ਼ ਕਰਦਾ ਹਾਂ, ਤੂੰ ਮੇਰੇ ਅਗਲੇ ਪਿਛੱਲੇ ਖੁੱਲੇ ਤੇ ਗੁਪਤ ਸਾਰੇ ਗੁਨਾਹ (ਪਾਪ) ਬਖ਼ਸ਼ ਦੇ, ਤੂੰ ਹੀ ਆਦਿ ਤੇ ਤੂੰ ਹੀ ਅੰਤ ਹੈ ਤੇਰੇ ਬਿਨਾ ਕੋਈ ਮਾਬੂਦ (ਪੂਜਨ ਯੋਗ, ਉਪਾਸਕ) ਨਹੀਂ ।

اللهم انی اعوذبك من قلب لا يخشع ومن دعاء لا يسمع ومن نفس لا تشبع ومن علم يا ينفع اعوذبك من هولاء الاربع

ਹੇ ਅਲੱਾਹ, ਮੈਂ ਤੈਥੋਂ ਅਜਿਹੇ ਦਿਲ ਨਾਲ ਪਨਾਹ ਮੰਗਦਾ ਹਾਂ ਜਿਸ ਵਿੱਚ ਨਿਮ੍ਰਤਾ, ਆਜਜ਼ੀ ਨ ਹੋਵੇ, ਅਤੇ ਅਜਿਹੀ ਦੁਆ ਤੋਂ ਪਨਾਹ ਮੰਗਦਾਹਾਂ ਜੋ ਪਰਵਾਨ ਨ ਹੋਵੇ, ਅਤੇ ਅਜਿਹੇ ਆਪੇ ਤੋਂ ਜੋ ਕਦੇ ਨ ਭਰੇ ਅਤੇ ਅਜਿਹੇ ਗਿਆਨ ਤੋਂ ਜੋ ਕੋਈ ਲਾਭ ਨ ਦੇਵੇ । ਮੈਂ ਇਹਨਾਂ ਚੋਹਾਂ ਤੋਂ ਤੇਰੀ ਪਨਾਹ ਮੰਗਦਾ ਹਾਂ ।

یامقلب القلوب ثبت قلبی علی دینك۔

ਹੇ ਦਿਲਾਂ ਨੂੰ ਫੇਰਨ ਵਾਲੇ ਮੇਰੇ ਦਿਲ ਨੂੰ ਆਪਣੇ ਦੀਨ ਉਪੱਰ ਕਾਇਮ ਰੱਖ ।

اللهم انی اسئلك الهدی والتقی والعفاف والغناء۔

ਹੇ ਅਲੱਾਹ, ਮੈਂ ਤੈਥੋਂ ਸੁਮਾਰਗ, ਤਕਵਾ (ਸੰਜਮਤਾ), ਸਵਛੱਤਾ ਤੇ ਖ਼ੁਸ਼ਹਾਲੀ ਮੰਗਦਾ ਹਾਂ ।

اللهم انا نجعلك فی نحورهم ونعوذبك من شرورهم۔

ਅਸੀਂ ਤੈਂਨੂੰ ਉਹਨਾਂ ਦੇ ਸੀਨਿਆਂ ਵਿੱਚ ਰਖੱਦੇ ਹਾਂ ਅਰਥਾਤ ਤੇਰੇ ਰੁਹਬ ਉਹਨਾਂ ਦੇ ਸੀਨਿਆਂ ਵਿੱਚ ਭਰ ਜਾਵੇ ਅਤੇ ਅਸੀਂ ਉਹਨਾਂ ਦੀਆਂ ਬਦੀਆਂ ਤੋਂ ਤੇਰੀ ਪਨਾਹ ਚਾਹੁੰਦੇ ਹਾਂ ।

اللهم انی اسئلك حبك وحب من یحبك والعمل الذی یبلغنی حبك اللهم اجعل حبك احب الی من نفسی واهلی ومن الماء البارد۔

ਹੇ ਮੇਰੇ ਅਲੱਾਹ, ਮੈਂ ਤੈਥੋਂ ਤੇਰਾ ਪ੍ਰੇਮ ਮੰਗਦਾ ਹਾਂ ਅਤੇ ਉਹਨਾਂ ਲੋਕਾਂ ਦਾ ਪਿਆਰ ਜੋ ਤੈਨੂੰ ਪਿਆਰ ਕਰਦੇ ਹਨ ਅਤੇ ਉਸ ਕੰਮ ਦੀ ਲਗਨ ਜੋ ਤੇਰੇ ਪਿਆਰ ਤੱਕ ਪਹੁੰਚਾ ਦੇਵੇ । ਹੇ ਮੇਰੇ ਖ਼ੁਦਾ, ਅਜਿਹਾ ਹੀ ਕਰ ਕਿ ਤੇਰਾ ਪਿਆਰ ਮੈਂਨੂੰ ਆਪਣੀ ਜਾਨ, ਆਪਣੇ ਪਰਿਵਾਰ ਅਤੇ ਠੰਡੇ ਸ਼ੀਤਲ ਜਲ ਤੋਂ ਵੀ ਵੱਧ ਪਿਆਰਾ ਤੇ ਚੰਗਾ ਲੱਗੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਦੁਆਵਾਂ ਹਨ ਆਪਨੇ ਆਪਣੇ ਇਕ ਸਹਾਬੀ ਨੂੰ ਪਤੱਰ ਵਿੱਚ ਲਿੱਖੀ ਦੁਆ, ਅਰਬੀ ਦੁਆ ਇਹ ਹੈ :

یامن ھو احب من کل محبوب اغفرلی وتب الی وادخلنی فی عبادك المخلصین۔

ਚੌਧਰੀ ਰੁਸਤਮ ਅਲੀ ਸਾਹਬ ਨੂੰ ਇਹ ਦੁਆ ਲਿੱਖੀ ਸੀ ਕਿ ਹੇ ਉਹ ਜੋ ਸਾਰਿਆਂ ਪ੍ਰੇਮੀਆਂ ਤੋਂ ਵੱਧ ਪ੍ਰੇਮ ਕਰਨ ਦੇ ਯੋਗ ਹੈ ਮੈਂਨੂੰ ਬਖ਼ਸ਼ ਦੇ ਅਤੇ ਮੇਰੇ ਉਪੱਰ ਰਹਮਤ ਨਾਜ਼ਲ ਕਰ ਅਤੇ ਮੈਂਨੂੰ ਆਪਣੇ ਨੇਕ ਬੰਦਿਆਂ ਵਿੱਚ ਦਾਖ਼ਲ ਕਰ, ਅਸੀਂ ਤੇਰੇ ਪਾਪੀ ਬੰਦੇ ਹਾਂ ਅਤੇ ਆਪਾ ਗ਼ਲਾਬ ਹੈ, ਤੂੰ ਸਾਨੂੰ ਮੁਆਫ਼ ਫ਼ਰਮਾ ਅਤੇ ਆਖ਼ਰਤ ਦੀਆਂ ਆਫ਼ਤਾਂ ਤੋਂ ਸਾਨੂੰ ਬਚਾ ।

ਫ਼ਨਾਫ਼ਿਲੱਾਹ (ਰੱਬ ਲਈ ਫ਼ਨਾ) ਹੋਣ ਦੀ ਦੁਆ ਆਪ ਨੇ ਇਹ ਸਿਖਾਈ । ਹੇ ਸਾਰਿਆਂ ਜਹਾਨਾਂ ਦੇ ਰੱਬ, ਮੈਂ ਤੇਰੇ ਅਹਿਸਾਨਾ (ਉਪਕਾਰਾਂ) ਦਾ ਧੰਦਵਾਦ ਨਹੀਂ ਕਰ ਸਕਦਾ, ਤੂੰ ਅਤਿਅੰਤ ਰਹੀਮ ਕਰੀਮ ਹੈ ਤੇਰੇ ਅਥਾਹ ਅਹਿਸਾਨ ਮੇਰੇ ਉਪੱਰ ਹਨ, ਮੈਂਨੂੰ ਬਖ਼ਸ਼, ਕਿਤੇ ਮੈਂ ਹਲਾਕ ਨ ਹੋ ਜਾਵਾਂ, ਮੇਰੇ ਮਨ ਵਿੱਚ ਆਪਣਾ ਖ਼ਾਲਸ ਪ੍ਰੇਮ ਭਰ ਦੇ ਤਾਂ ਜੋ ਮੈਂਨੂੰ ਜੀਵਨ ਹਾਸਲ ਹੋਵੇ ਅਤੇ ਮੇਰੀ ਪਰਦਾਪੋਸ਼ੀ ਕਰ ਅਤੇ ਮੈਂਥੋਂ ਅਜਿਹੇ ਕਰਮ ਕਰਾ ਜਿੰਨ੍ਹਾ ਤੋਂ ਤੂੰ ਰਾਜ਼ੀ ਹੋ ਜਾਏ, ਮੈਂ ਤੇਰੇ ਕਰੀਮ ਹੋਣ ਦੇ ਸਬਬ ਇਸ ਗੱਲ ਦੀ ਵੀ ਪਨਾਹ ਮੰਗਦਾ ਹਾਂ ਕਿ ਤੇਰਾ ਗ਼ਜ਼ਬ (ਕ੍ਰੋਪੀ) ਮੇਰੇ ਉਪੱਰ ਵਾਪਰੇ । ਰਹਿਮ ਫ਼ਰਮਾ, ਰਹਿਮ ਫ਼ਰਮਾ, ਰਹਿਮ ਫ਼ਰਮਾ ਅਤੇ ਦੁਨੀਆ ਤੇ ਆਖ਼ਰਤ ਦੀਆਂ ਬਲਾਵਾਂ ਤੋਂ ਮੈਂਨੂੰ ਬਚਾ ਕਿਉਂਕਿ ਹਰ ਇਕ ਫ਼ਜ਼ਲ (ਮਿਹਰ) ਤੇ ਕਰਮ ਤੇਰੇ ਹੱਥ ਵਿੱਚ ਹੀ ਹਨ । ਆਮੀਨ ।

ਹੁਣ ਸਾਧਾਰਣ ਤੌਰ'ਤੇ ਇਸਲਾਮੀ ਜਗਤ ਨੂੰ ਵੀ ਸਾਨੂੰ ਦੁਆਵਾਂ ਵਿੱਚ ਚੇਤੇ ਰਖੱਣਾ ਚਾਹੀਦਾ ਹੈ । ਅਲੱਾਹ ਤਆਲਾ ਇਹਨਾ ਵਿੱਚ ਏਕਤਾ ਪੈਦਾ ਕਰੇ ਅਤੇ ਜੋ ਦਿਲ ਪਾਟੇ ਹੋਏ ਹਨ ਉਹ ਜੁੜ ਜਾਣ ਅਤੇ ਆਪੋ ਵਿੱਚ ਦੀਆਂ ਦੁਸ਼ਮਣੀਆਂ ਖ਼ਤਮ ਹੋ ਜਾਣ ਅਤੇ ਦੁਸ਼ਮਣ ਇਸਲਾਮ ਨੂੰ ਹਾਣ ਪਹੁੰਚਾਉਣ ਤੋਂ ਬਾਜ਼ ਰਹਿਣ । ਅਲੱਾਹ ਤਆਲਾ ਅਹਮਦੀਆਂ ਵਿੱਚ ਸੰਤੋਖ ਪੈਦਾ ਕਰੇ, ਉਹਨਾਂ ਨੂੰ ਹਰ ਬਦੀ ਤੋਂ ਬਚਾਏ, ਓਹਨਾਂ ਦੇ ਕਦਮਾ ਨੂੰ ਦ੍ਰਿੜ੍ਹਤਾ ਪ੍ਰਦਾਨ ਕਰੇ ਅਤੇ ਹਮੇਸ਼ਾ ਨਿਜ਼ਾਮੇ ਖ਼ਿਲਾਫ਼ਤ ਨਾਲ ਜੁੜੇ ਰਹਿਣ । ਅਲੱਾਹ ਤਆਲਾ ਸਾਨੂੰ ਦਜੱਾਲ ਦੇ ਫ਼ਿਤਨਿਆਂ ਅਤੇ ਉਸ ਦੀਆਂ ਬੁਰਾਈਆਂ ਤੋਂ ਸੁਰੱਖਿਅਤ ਰੱਖੇ । ਅਲੱਾਹ ਤਆਲਾ, ਅਹਮਦੀ ਸ਼ਹੀਦਾਂ ਦੇ ਦਰਜੇ ਬੁਲੰਦ ਫ਼ਰਮਾਏ ਅਤੇ ਉਹਨਾਂ ਦੇ ਪਰਿਜਨਾ ਦੀ ਅਪ ਸੁਰੱਖਿਆ ਕਰੇ । ਅਸੀਰਾਨੇ ਰਾਹੇ ਮੌਲਾ (ਰੱਬ ਖ਼ਾਤਰ ਹੋਏ ਕੈਦੀਆਂ) ਦੀ ਛੇਤੀ ਰਿਹਾਈ ਲਈ ਸਾਧਨ ਬਣਾਏ । ਕਈਆਂ ਵਿੱਚ ਵਿੱਚ ਵਸੱਣ ਵਾਲੇ ਕੁਝ ਲੋਕ ਵੀ ਮੁਸ਼ਕਲਾਂ ਵਿੱਚ ਹਨ ਇਸੇ ਪ੍ਰਕਾਰ ਪਾਕਿਸਤਾਨ ਵਿੱਚ ਰਹਿਣ ਵਾਲੇ ਵਿਸ਼ੇਸ਼ ਰੂਪ ਵਿੱਚ ਰਬਵਾ ਦੇ ਲੋਕ, ਉਹਨਾਂ ਦੇ ਹਾਲਾਤ ਅੱਜਕਲ ਸਰਕਾਰ ਵੱਲੋਂ ਵੀ

ਤੰਗ ਕੀਤੇ ਜਾ ਰਹੇ ਹਨ, ਤੰਗ ਤੋਂ ਤੰਗ ਕੀਤੇ ਜਾਣ ਦੇ ਜਤਨ ਕੀਤੇ ਜਾ ਰਹੇ ਹਨ । ਅਲੱਾਹ ਤਆਲਾ ਉਹਨਾਂ ਨੂੰ ਵੀ ਜ਼ਾਲਮਾਂ ਤੋਂ ਮੁਕਤੀ ਪ੍ਰਦਾਨ ਕਰੇ ਅਤੇ ਰੱਬ ਚੰਗੇ ਹਾਲਾਤ ਬਣਾਏ । ਅੱਜ ਕੱਲ ਯਮਨ ਵਿੱਚ ਮੁੜ ਹਮਲੇ ਬਹੁਤ ਹੋ ਗਏ ਹਨ, ਇਰਾਕ ਵਿੱਚ, ਸ਼ਾਮ (ਸੀਰੀਆ) ਵਿੱਚ ਫ਼ਿਰਕਿਆਂ ਤੇ ਕਬੀਲਿਆਂ ਦੇ ਮਤਿਭੇਦਾਂ ਕਰਕੇ ਮੁਸਲਮਾਨ ਮੁਸਲਮਾਨ ਦੀ ਗਰਦਨ ਕੱਟ ਰਿਹਾ ਹੈ । ਰੱਬ ਇਹਨਾਂ ਨੂੰ ਅਕਲ ਦੇਵੇ ਅਤੇ ਆਪ ਸਲਲੱਾਹੁ ਅਲੈਹਿ ਵਸਲਮ ਦੀ ਹਕੀਕੀ ਸਿੱਖਿਆ ਉਪੱਰ ਅਮਲ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ । ਇਸੇ ਪ੍ਰਕਾਰ ਅਲੱਾਹ ਤਆਲਾ ਉਹਨਾਂ ਸਾਰਿਆਂ ਲੋਕਾਂ ਦੇ ਧੰਨਮਾਲ ਤੇ ਪਰਿਵਾਰਾਂ ਵਿੱਚ ਬਰਕਤ ਪ੍ਰਦਾਨ ਕਰੇ ਜੋ ਵੱਖ ਵੱਖ ਤਹਿਰੀਕਾਂ ਵਿੱਚ ਅਤੇ ਜਮਾਤੀ ਚੰਦਿਆਂ ਵਿੱਚ ਮਾਲੀ ਕੁਰਬਾਨੀਆਂ ਦੇ ਰਹੇ ਹਨ । ਇਸੇ ਪ੍ਰਕਾਰ ਸਾਡੇ ਕਾਰਕੁਨਾਨ (ਵਰਕਰਾਂ) ਵਿੱਚੋਂ ਪ੍ਰਚਾਰ ਦੇ ਕੰਮਾ ਲਈ, ਅੱਜ ਕੱਲ ਐਮਟੀਏ ਬਹੁਤ ਵਡੱਾ ਕਿਰਦਾਰ ਅਦਾ ਕਰ ਰਿਹਾ ਹੈ, ਅਲੱਾਹ ਤਆਲਾ ਐਮਟੀਏ ਦੇ ਕਾਰਕੁਨਾ ਨੂੰ ਅਤੇ ਜੋ ਵਾਲੰਟੀਯਰਜ਼ ਹਨ ਉਹਨਾਂ ਨੂੰ ਵੀ ਜਜ਼ਾ (ਪ੍ਰਤੀਫ਼ਲ) ਪ੍ਰਦਾਨ ਕਰੇ ਅਤੇ ਉਹਨਾਂ ਨੂੰ ਪਹਿਲਾਂ ਤੋਂ ਵਧੱਕੇ ਸੇਵਾ ਕਰਨ ਦਾ ਸੁਅਵਸਰ ਪ੍ਰਦਾਨ ਕਰੇ ।

**Khulasa Khutba Jumma 15.06.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131